# ਵਾਪਸੀ ਸਹਾਇਤਾ

- ਕੌਂਸਲਿੰਗ (ਸਲਾਹ-ਮਸ਼ਵਰਾ)
- ਤੁਹਾਡੇ ਘਰ ਲਈ ਸਫਰ ਦਾ ਪ੍ਰਬੰਧ ਕਰਨਾ
- ਸ਼ੁਰੂਆਤੀ ਵਿੱਤੀ ਸਹਾਇਤਾ
  (ਬਾਲਗ CHF 1000.-; ਨਾਬਾਲਗ CHF 500.-)
- ਡਾਕਟਰੀ ਸਹਾਇਤਾ ਅਤੇ ਕਮਜ਼ੋਰ ਵਿਅਕਤੀਆਂ ਲਈ ਵਿਸ਼ੇਸ਼ ਉਪਾਅ
- ਕਾਰੋਬਾਰੀ ਪ੍ਰੋਜੈਕਟ
- ਸਿਖਲਾਈ ਪ੍ਰੋਗਰਾਮ
- ਰਿਹਾਇਸ਼ ਲਈ ਸਹਾਇਤਾ

## ਵਾਪਸੀ ਸਹਾਇਤਾ ਕੀ ਹੈ?

ਵਾਪਸੀ ਸਹਾਇਤਾ ਤੁਹਾਡੇ ਆਪਣੇ ਦੇਸ਼ ਵਿੱਚ ਵਾਪਸ ਜਾਣ ਲਈ ਤੁਹਾਨੂੰ ਮਦਦ ਮੁਹੱਈਆ ਕਰਦੀ ਹੈ। ਇਹ ਨਵੀਂ ਸ਼ੁਰੂਆਤ ਨੂੰ ਸੁਖਾਲਾ ਕਰਦੀ ਹੈ ਅਤੇ ਤੁਹਾਡੇ ਸਫਲ ਮੁੜ-ਏਕੀਕਰਨ ਦੇ ਮੌਕਿਆਂ ਨੂੰ ਸੁਧਾਰਦੀ ਹੈ।

## ਵਾਪਸੀ ਸਹਾਇਤਾ ਲਈ ਕੌਣ ਹੱਕਦਾਰ ਹੈ?

ਪਨਾਹ (ਸ਼ਰਣ) ਦੇ ਖੇਤਰ ਅਤੇ ਵਿਦੇਸ਼ੀ ਨਾਗਰਿਕਾਂ ਦੀਆਂ ਹੋਰਨਾ ਸ਼੍ਰੇਣੀਆਂ (ਮਿਸਾਲ ਲਈ, ਮਨੁੱਖਾਂ ਦੇ ਗੈਰਕਾਨੂੰਨੀ ਵਪਾਰ ਦੇ ਪੀੜ੍ਹਤ) ਤੋਂ ਆਇਆ ਹਰੇਕ ਵਿਅਕਤੀ। ਜੇ ਤੁਹਾਡੇ ਕੋਲ ਰਾਜਨੀਤਕ ਸ਼ਰਣਾਰਥੀ ਹੋਣ ਦਾ ਰੁਤਬਾ ਹੈ, ਤਾਂ ਤੁਸੀਂ ਵਾਪਸੀ ਸਹਾਇਤਾ ਦੇ ਹੱਕਦਾਰ ਹੋ ਸਕਦੇ ਹੋ।

## ਕਦੋਂ ਅਤੇ ਕਿਵੇਂ?

ਤੁਸੀਂ ਪਨਾਹ ਦੀਆਂ ਪ੍ਰਕਿਰਿਆਵਾਂ ਦੇ ਦੌਰਾਨ ਅਤੇ ਬਾਅਦ, ਦੋਨੋਂ ਸਮੇਂ, ਵਾਪਸੀ ਸਹਾਇਤਾ ਲਈ ਬੇਨਤੀ ਕਰ ਸਕਦੇ ਹੋ। ਵਿਦੇਸ਼ੀ ਨਾਗਰਿਕਾਂ ਦੀਆਂ ਹੋਰਨਾਂ ਸ਼੍ਰੇਣੀਆਂ ਲਈ, ਵਿਸ਼ੇਸ਼ ਨਿਯਮ ਲਾਗੂ ਹੁੰਦੇ ਹਨ।

## ਵਾਪਸੀ ਲਈ ਕੌਂਸਲਿੰਗ ਕੀ ਹੈ?

ਵਾਪਸੀ ਲਈ ਕੌਂਸਲਿੰਗ ਅਜਿਹੀ ਸੇਵਾ ਹੈ ਜੋ ਤੁਹਾਨੂੰ ਵਾਪਸੀ ਸਹਾਇਤਾ ਬਾਰੇ ਜਾਣਕਾਰੀ ਨਾਲ ਮੁਹੱਈਆ ਕੀਤੀ ਜਾਂਦੀ ਹੈ।
ਕੌਂਸਲਿੰਗ ਬਗੈਰ-ਵਚਨਬੱਧਤਾ ਦੇ ਅਤੇ ਗੁਪਤ ਹੈ।
ਇਸ ਦਾ ਤੁਹਾਡੀ ਪਨਾਹ ਦੀ ਕਾਰਜ-ਪ੍ਰਕਿਰਿਆ 'ਤੇ ਕੋਈ ਪ੍ਰਭਾਵ ਨਹੀਂ ਹੈ ਜੋ ਅਜੇ ਵਿਚਾਰ-ਅਧੀਨ ਹੈ।
ਇਹ ਤੁਹਾਡੀ ਵਾਪਸੀ ਲਈ ਤਿਆਰੀ ਅਤੇ ਪ੍ਰਬੰਧ ਕਰਨ ਵਿੱਚ ਤੁਹਾਡੀ ਸਹਾਇਤਾ ਕਰਦੀ ਹੈ।

## ਵਾਪਸੀ ਲਈ ਕੌਂਸਲਿੰਗ ਬਾਰੇ ਮੈਂ ਕਿਥੋਂ ਪਤਾ ਕਰਾਂ?

ਹਰੇਕ ਸਵਿਸ ਕੰਟੋਨ (ਸੂਬੇ) ਕੋਲ ਵਾਪਸੀ ਲਈ ਕੌਂਸਲਿੰਗ ਸੇਵਾ ਹੈ। ਪਤੇ ਅਤੇ ਟੈਲੀਫ਼ੋਨ ਨੰਬਰਾਂ ਦੀ ਸੂਚੀ ਅਗਲੇ ਪੰਨੇ 'ਤੇ ਦਿੱਤੀ ਗਈ ਹੈ।